ਇਸ ਦਾ ਆਵਿਸ਼ਕਾਰ ਕੀਤਾ। ਬਾਅਦ ਵਿੱਚ ਸਦਾਰੰਗ ਅਤੇ ਅਦਾਰੰਗ ਨੇ ਸੈਂਕੜੇ ਰਾਗਾਂ ਦੀ ਰਚਨਾ ਕਰਦੇ ਹੋਏ ਕਈ ਸ਼ਾਗਿਰਦ ਤਿਆਰ ਕੀਤੇ ਅਤੇ ਦੂਸਰੇ ਮੱਤ ਅਨੁਸਾਰ ਅਲਾਉਦੀਨ ਖਿਲਜੀ ਦੇ ਦਰਬਾਰੀ ਗਾਇਕ ਅਮੀਰ ਖੁਸਰੋ ਨੂੰ ਇਸ ਦਾ ਜਨਮ ਦਾਤਾ ਮੰਨਦੇ ਹਨ।

ਪ੍ਰੋ: ਤਾਰਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਰਚਿਤ ਖਿਆਲ ਪਹਿਲੀ ਵਾਰ 17 ਵੀਂ ਸਦੀ ਵਿੱਚ ਮਿਲਦਾ ਹੈ। ਇਸ ਲਈ ਭਾਰਤੀ ਸ਼ੈਲੀ ਦੀ ਈਜਾਦ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਆਧੁਨਿਕ ਕਾਲ ਵਿੱਚ ਪ੍ਰਮੁੱਖ ਖਿਆਲ ਗਾਇਕਾ ਵਿੱਚ ਪ੍ਰੰ: ਵਿਨਾਇਕ ਰਾਵ ਪਟਵਰਧਨ, ਪ੍ਰੰ: ਸ਼ੰਕਰ ਰਾਵ ਵਿਆਸ ਅਤੇ ਉਸਤਾਦ ਅਮੀਰ ਖਾਂ ਦੇ ਨਾਂ ਸਭ ਤੋਂ ਵੱਧ ਪ੍ਰਸਿੱਧ ਹਨ। ਇਸ ਦੇ ਪ੍ਰਮੁੱਖ ਘਰਾਣੇ ਹਨ :— ਲਖਨਉ, ਦਿੱਲੀ, ਗਵਾਲਿਅਰ, ਆਗਰਾ, ਜੈਪੂਰ, ਪਟਿਆਲਾ ਅਤੇ ਕਿਰਾਨਾ ਘਰਾਣਾ। ਵਾਦ ਯੰਤਰਾਂ ਤੇ ਵੀ ਅਜਕਲ ਖਿਆਲ ਅੰਗ ਜਾਂ ਗਾਇਕੀ ਅੰਗ ਵਧੇਰੇ ਪਸੰਦ ਕੀਤਾ ਜਾਂਦਾ ਹੈ।

**ਖਿਆਲ ਸ਼ੈਲੀ ਦੇ ਪ੍ਰਕਾਰ —** ਖਿਆਲ ਦੋ ਪ੍ਰਕਾਰ ਦੇ ਹੁੰਦੇ ਹਨ :

1. ਵੱਡਾ ਖਿਆਲ ਜਾਂ ਵਿਲੰਬਿਤ ਖਿਆਲ
2. ਛੋਟਾ ਖਿਆਲ ਜਾਂ ਦਰੁੱਤ ਖਿਆਲ

1. **ਵੱਡਾ ਖਿਆਲ ਜਾਂ ਵਿਲੰਬਿਤ ਖਿਆਲ :-** ਇਹ ਵਿਲੰਬਿਤ ਲੈਅ ਵਿੱਚ ਗਾਇਆ ਜਾਦਾ ਹੈ ਇਸ ਦੀ ਪ੍ਰਕ੍ਰਿਤੀ ਗੰਭੀਰ ਹੁੰਦੀ ਹੈ। ਇਸ ਦੇ ਗੀਤਾਂ ਵਿੱਚ ਸਿੰਗਾਰ, ਸ਼ਾਤ ਅਤੇ ਕਰੁਣਾ ਰਸ ਦੀ ਪ੍ਰਧਾਨਤਾ ਹੁੰਦੀ ਹੈ। ਇਸ ਖਿਆਲ ਵਿੱਚ ਮੁਰਕੀ, ਮੀਂਡ, ਤਾਨ, ਬੋਲ ਤਾਨ ਦਾ ਪ੍ਰਯੋਗ ਵਧੇਰੇ ਹੁੰਦਾ ਹੈ। ਇਸ ਨੂੰ ਛੋਟਾ ਖਿਆਲ ਵੀ ਕਿਹਾ ਜਾਂਦਾ ਹੈ। ਬੰਦਿਸ਼ ਨੂੰ ਸਥਾਈ ਅਤੇ ਅੰਤਰਾਂ ਦੋ ਭਾਗਾਂ ਵਿੱਚ ਗਾਇਆ ਜਾਂਦਾ ਹੈ। ਦੁਗੁਣ , ਚੋਗੁਣ, ਅਠਗੁਣ ਭਿੰਨ - ਭਿੰਨ ਲੈਅਕਾਰਿਆ ਵਿਚ ਤਾਨਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੀ ਬੰਦਿਸ਼ ਦੇ ਨਾਲ ਝਮਰਾ, ਇਕ ਤਾਨ ਤਿਲਵਾੜਾ, ਆੜਾ ਚਾਰ ਤਾਲ ਆਦਿ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।
2. **ਛੋਟਾ ਖਿਆਲ ਜਾਂ ਦਰੁੱਤ ਖਿਆਲ :-** ਇਸ ਨੂੰ ਛੋਟਾ ਖਿਆਲ ਵੀ ਕਿਹਾ ਜਾਂਦਾ ਹੈ। ਇਸ ਦੇ ਬੰਦਿਸ਼ ਦੀ ਲੈਅ ਮੱਧ ਜਾਂ ਦਰੁੱਤ ਲੈਅ ਵਿੱਚ ਹੁੰਦੀ ਹੈ। ਇਸ ਨੂੰ ਵੀ ਦੋ ਭਾਗਾਂ ਵਿੱਚ ਵੰਡਿਆ ਹਨ (1) ਸਥਾਈ ਅਤੇ ਅੰਤਰਾਂ। ਇਸਦੀ ਪ੍ਰਕ੍ਰਿਤੀ ਚੰਚਲ ਹੁੰਦੀ ਹੈ ਇਸ ਦੇ ਗੀਤਾਂ ਵਿੱਚ ਸ਼ਿੰਗਾਰ ਅਤੇ ਕਰੁਣਾ ਰਸ ਦੀ ਪ੍ਰਧਾਨਤਾ ਹੁੰਦੀ ਹੈ। ਦਰੁੱਤ ਖਿਆਲ ਵਿੱਚ ਅਲੰਕਾਰਾਂ, ਬੋਲ ਤਾਨਾ, ਬੋਲ ਅਲਾਪ, ਖਟਕਾ, ਮੁਰਕੀ ਆਦਿ ਦਾ ਪ੍ਰਯੋਗ ਵਧੇਰੇ ਹੁੰਦਾ ਹੈ।

ਆਧੁਨਿਕ ਯੁੱਗ ਨੂੰ ਖਿਆਲ ਦਾ ਯੁਗ ਕਿਹਾ ਜਾਂਦਾ ਹੈ ਕਿਉਂਕਿ ਆਧੁਨਿਕ ਯੁਗ ਵਿੱਚ ਸ਼ਾਸਤਰੀ ਗਾਇਨ ਸ਼ੈਲੀ ਵਿਚੋਂ ਖਿਆਲ ਸ਼ੈਲੀ ਹੀ ਸਭ ਤੋਂ ਵੱਧ ਪ੍ਰਚਲਿਤ ਹੈ।

## ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਖਿਆਲ ਸ਼ਬਦ ਦਾ ਕੀ ਮਹੱਤਵ ਹੈ ?
2 ਖਿਆਲ ਗਾਇਕੀ ਦੇ ਦੋ ਭਾਗਾਂ ਦੇ ਨਾਂ ਦੱਸੋ ?
3. ਖਿਆਲ ਸ਼ੈਲੀ ਦੀ ਖੋਜ ਕਿਸ ਨੇ ਕੀਤੀ ?
4. ਛੋਟੇ ਖਿਆਲ ਦੀ ਲੈਅ ਕਿਹੋ ਜਿਹੀ ਹੁੰਦੀ ਹੈ ?
5. ਵੱਡਾ ਖਿਆਲ ਕਿਹੜੀ ਲੈਅ ਵਿੱਚ ਗਾਇਆ ਜਾਂਦਾ ਹੈ ?
6. ਵੱਡੇ ਖਿਆਲ ਵਿੱਚ ਕਿੰਨੇ ਗੁਣਾਂ ਦੀਆਂ ਤਾਨਾਂ ਗਾਈਆਂ ਜਾਂਦੀਆਂ ਹਨ ?
7. ਛੋਟੇ ਖਿਆਲਾਂ ਦੀ ਪ੍ਰਕ੍ਰਿਤੀ ਕਿਹੋ ਜਿਹੀ ਹੁੰਦੀ ਹੈ ?

### ਅਧਿਆਪਕ ਲਈ

ਅਧਿਆਪਕ ਵਿਦਿਆਰਥੀਆਂ ਨੂੰ ਵੱਡਾ ਖਿਆਲ ਤੇ ਛੋਟੇ ਖਿਆਲ ਗਾ ਕੇ ਸੁਨਾਣ ਅਤੇ ਉਸਦਾ ਅਭਿਆਸ ਕਰਵਾਉਣਾ




# ਸੰਗੀਤ ਦਾ ਸਾਜ - ਤਾਨਪੂਰਾ, ਇਤਿਹਾਸ, ਅੰਗ ਵਰਣਨ

ਪ੍ਰਾਚੀਨ ਕਾਲ ਵਿੱਚ ਬਹੁਤ ਸਾਰੇ ਵਾਦਾਂ ਦਾ ਨਿਰਮਾਣ ਹੋਇਆ। ਮੂਰਤੀਆਂ, ਚਿੱਤਰਾਂ ਵਿੱਚ ਬਹੁਤ ਸਾਰੇ ਵਾਦ ਜਿਵੇਂ ਬਾਂਸੁਰੀ, ਵੀਨਾ, ਸਾਰੰਗੀ, ਪਖਾਵਜ ਵੇਖਣ ਨੂੰ ਮਿਲਦੇ ਹਨ। ਇਕਤਾਰਾ ਭਾਰਤੀ ਲੋਕ ਵਾਦ ਵਿੱਚ ਬਹੁਤ ਹੀ ਪ੍ਰਸਿੱਧ ਵਾਦ ਹੈ। ਤੂੰਬੀ ਇੱਕ ਛੋਟੀ ਅਕਾਰ ਦੀ ਹੁੰਦੀ ਹੈ ਜੋ ਪੰਜਾਬੀ ਲੋਕ ਗਾਇਕ ਲੋਕ ਗੀਤ ਗਾਉਣ ਸਮੇਂ ਪ੍ਰਯੋਗ ਵਿੱਚ ਲਿਆਉਂਦੇ ਹਨ। ਪਰਮਾਤਮਾ ਦੀ ਭਗਤੀ ਵੇਲੇ ਭਜਨਾਂ ਵਿੱਚ ਵੀ ਸਾਧੂ, ਸੰਗਤਾਂ, ਭਗਤਾਂ ਵਲੋਂ ਇਹ ਵਾਦ ਦਾ ਪ੍ਰਯੋਗ ਕੀਤਾ ਜਾਂਦਾ ਸੀ। ਹੋਲੀ - ਹੋਲੀ ਚਾਰ ਤਾਰਾਂ ਵਾਲਾ ਵਾਦ ਜਿਸ ਨੂੰ ਤਾਨਪੂਰਾ ਕਿਹਾ ਜਾਣ ਲਗਾ। ਪ੍ਰਚਾਰ ਵਿੱਚ ਆਇਆ।

## ਇਤਿਹਾਸ :

ਪ੍ਰਾਚੀਨ ਸ਼ਾਸ਼ਤਰਕਾਰਾਂ ਦੇ ਅਨੁਸਾਰ 'ਤੁੰਬਰੂ' ਨਾਮਕ ਗੰਧਰਵ ਨੇ ਇਸ ਦਾ ਆਵਿਸ਼ਕਾਰ ਕੀਤਾ। ਹੋਲੀ - ਹੋਲੀ ਇਹ ਤੁੰਬਰੂ ਤੋਂ ਤੰਬਰੂ ਫਿਰ ਤੰਬਰੂ ਬਣ ਗਿਆ। ਆਧੁਨਿਕ ਕਾਲ ਵਿੱਚ ਤਾਨਪੂਰਾ ਦੇ ਨਾਮ ਨਾਲ ਜਾਣਿਆ ਜਾਣ ਲਗਾ। ਇਹ ਇਕ ਤੰਤਰੀ ਵਾਦ ਦਾ ਵਿਕਸਿਤ ਰੂਪ ਹੈ। ਇਹ ਵਾਦ ਸਵਰ ਦੇਣ ਦੇ ਕੰਮ ਆਉਂਦਾ ਹੈ। ਗਾਇਨ ਦੇ ਨਾਲ - ਨਾਲ ਨ੍ਰਿਤ ਅਤੇ ਵਾਦਨ ਵਿੱਚ ਵੀ ਇਹ ਸੰਗਤ ਦੇ ਰੂਪ ਵਿੱਚ ਪ੍ਰਯੋਗ ਵਿਚ ਆਉਂਦਾ ਹੈ। ਅੱਜ ਇਹ ਵਾਦ ਭਾਰਤੀ ਸ਼ਾਸਤਰੀ ਸੰਗੀਤ ਦਾ ਜਰੂਰੀ ਅਤੇ ਮਹੱਤਵਪੂਰਨ ਅੰਗ ਬਣ ਗਿਆ ਹੈ। ਇਸ ਦੀ ਮਧੁੱਰ ਮਿੱਠੀ ਅਤੇ ਸਰਸ ਆਵਾਜ਼ ਗਾਇਕ ਨੂੰ ਕਲਾ ਦਾ ਪ੍ਰਦਰਸ਼ਨ ਕਰਨ ਲਈ ਮਜਬੂਰ ਕਰ ਦਿੰਦੀ ਹੈ।

### ਤਾਨਪੂਰੇ ਦਾ ਅੰਗ :-

1. ਤੂੰਬਾ
2. ਤਬਲੀ
3. ਡਾਂਡ
4. ਘੁਰਚ

| | | | |
|---|---|---|---|
| 5. | ਗੁਲੂ | 6. | ਤਾਰਦਾਨ |
| 7. | ਖੁੰਟੀਆ | 8. | ਮਣਕਾ |
| 9. | ਤਾਰ | 10. | ਧਾਗਾ |
| 11. | ਲੰਗੋਟ | | |

1. **ਤੁੰਬਾ :-** ਇਹ ਕੱਦੂ ਦਾ ਬਣਿਆ ਹੋਇਆ ਹੁੰਦਾ ਹੈ। ਇਕ ਪਾਸੋਂ ਕਟ ਕੇ ਚਪਟੇ ਆਕਾਰ ਵਿੱਚ ਇਸ ਨੂੰ ਕੱਟਿਆ ਜਾਂਦਾ ਹੈ।
2. **ਤਬਲੀ :-** ਤੁੰਬੇ ਦੇ ਕਟੇ ਹੋਏ ਭਾਗ ਨੂੰ ਤਬਲੀ ਜੋ ਕੀ ਲੱਕੜੀ ਦੀ ਬਣੀ ਹੋਈ ਹੁੰਦੀ ਹੈ ਨਾਲ ਢਕਿਆ ਜਾਂਦਾ ਹੈ।
3. **ਡਾਂਡ :-** ਲਕੜੀ ਦਾ ਖੋਖਲਾ ਡੰਡਾ ਤੁੰਬੇ ਨਾਲ ਜੋੜਿਆ ਜਾਂਦਾ ਹੈ। ਇਸ ਨੂੰ ਡਾਂਡ ਕਿਹਾ ਜਾਂਦਾ ਹੈ।
4. **ਘੁੜਚ :-** ਤਬਲੀ ਦੇ ਉੱਪਰ ਰਖੀ ਹੋਈ ਹਾਥੀ ਦੰਦ ਦੀ ਛੋਟੀ ਜਿਹੀ ਚੌਂਕੀ ਨੂੰ ਘੁੜਚ ਕਿਹਾ ਜਾਂਦਾ ਹੈ।
5. **ਗੁਲੂ :-** ਡਾਂਡ ਅਤੇ ਤੁੰਬਾ ਜਿਥੇ ਜੋੜੇ ਜਾਂਦੇ ਹਨ ਉਸ ਜਗ੍ਹਾਂ ਨੂੰ ਗੁਲੂ ਕਿਹਾ ਜਾਂਦਾ ਹੈ।
6. **ਤਾਰਦਾਨ :-** ਡਾਂਡ ਦੇ ਉੱਪਰ ਹਾਥੀ ਦੰਦ ਦੀ ਛੇਂਕਾ ਵਾਲੀ ਪੱਟੀ ਜਿਸ ਵਿਚੋਂ ਤਾਰ ਕੱਢ ਕੇ ਖੁੰਟੀਆ ਵਿੱਚ ਬੰਨ੍ਹੇ ਜਾਂਦੇ ਹਨ। ਉਸ ਨੂੰ ਅੱਟੀ ਜਾ ਤਾਰਦਾਨ ਕਹਿੰਦੇ ਹਨ।
7. **ਖੁੰਟੀਆ :-** ਚਾਰੇ ਤਾਰ, ਚਾਰ ਖੁੰਟੀਆਂ ਨਾਲ ਬਨ੍ਹੇ ਜਾਂਦੇ ਹਨ। ਇਹਨਾਂ ਨਾਲ ਤਾਰ ਕੱਸੇ ਅਤੇ ਢਿਲੇ ਕੀਤੇ ਜਾਂਦੇ ਹਨ।
8. **ਮਣਕਾ :-** ਤਾਰਾਂ ਵਿੱਚ ਚਾਰ ਮੋਤੀ, ਤਾਰਾਂ ਨੂੰ ਸੁਰ ਕਰਨ ਲਈ ਪਾਏ ਜਾਂਦੇ ਹਨ ਜਿਨ੍ਹਾਂ ਨੂੰ ਮਣਕਾ ਕਿਹਾ ਜਾਂਦਾ ਹੈ।
9. **ਤਾਰਾਂ :-** ਤਾਨਪੂਰੇ ਵਿਚ ਚਾਰ ਤਾਰਾਂ ਹੁੰਦੀਆਂ ਹਨ ਇਹਨਾਂ ਤਾਰਾਂ ਨੂੰ ਮ ਸ ਸ ਸ ਜਾ ਪ ਸ ਸ ਸ ਤੇ ਮਿਲਾਏ ਜਾਂਦੇ ਹਨ।
10. **ਧਾਗਾ :-** ਘੁੜਚ ਦੇ ਉੱਪਰ ਤਾਰਾਂ ਦੇ ਥੱਲੇ ਚਾਰ ਸੂਤ ਦੇ ਧਾਗੇ ਸਵਰ ਦੇ ਸਖਮ ਅੰਤਰ ਨੂੰ ਠੀਕ ਕਰਨ ਲਈ ਲਾਏ ਜਾਂਦੇ ਹਨ।
11. **ਲੰਗੋਟ :-** ਜਿਸ ਉੱਤੇ ਤਾਰ ਕੱਸੇ ਜਾਂਦੇ ਹਨ ਉਸ ਨੂੰ ਲੰਗੋਟ ਕਿਹਾ ਜਾਂਦਾ ਹੈ।

# ਤਾਨਪੁਰਾਂ



## ਤਾਨਪੁਰੇ ਦੀਆਂ ਤਾਰਾਂ

ਤਾਨਪੁਰੇ ਵਿੱਚ ਚਾਰ ਤਾਰਾਂ ਹੁੰਦੀਆਂ ਹਨ। ਪਹਿਲਾਂ ਤਾਰ ਲੋਹੇ ਦਾ ਹੁੰਦਾ ਇਸਨੂੰ ਮੰਦਰ ਸਪਤਕ ਦੇ ਪ ਜਾਂ ਮ ਸਵਰ ਨਾਲ ਮਿਲਾਏ ਜਾਂਦੇ ਹਨ ਵਿਚਕਾਰਲੇ ਦੋ ਤਾਰਾ ਨੂੰ ਜੋੜ ਕੇ ਤਾਰ ਕਿਹਾ ਜਾਂਦਾ ਹੈ ਇਸ ਨੂੰ ਮੱਧ ਸਪਤਕ ਦੇ ਸ਼ਡਜ (ਸ) ਨਾਲ ਮਿਲਾਇਆ ਜਾਂਦਾ ਹੈ। ਚੋਥਾ ਤਾਰ ਪਿੱਤਲ ਦਾ ਹੁੰਦਾ ਹੈ ਇਸ ਨੂੰ ਮੰਦਰ ਸਪਤਕ ਦੇ 'ਸ' ਸੁਰ ਨਾਲ ਮਿਲਾਇਆ ਜਾਂਦਾ ਹੈ। ਤਾਰਾ ਨੂੰ ਬਾਰ - ਬਾਰ ਵਜਾਉਣ ਤੇ ਕੰਪਨ ਪੈਦਾ ਹੁੰਦੀ ਹੈ ਅਤੇ ਬਹੁਤ ਹੀ ਮਿੱਠੀ ਧਵਨੀ ਉਤਪੰਨ ਹੁੰਦੀ ਹੈ ਜੋ ਸੰਗੀਤ ਮਈ ਵਾਤਾਵਰਨ ਬਣਾਉਣ ਸਹਾਇਕ ਹੁੰਦੀ ਹੈ।

## ਤਾਨਪੁਰੇ ਦੀ ਬੈਠਕ

ਤਾਨਪੁਰਾ ਛੇੜਣ ਦਾ ਢੰਗ ਗਾਇਕਾ ਵਲੋ ਵੱਖ - ਵੱਖ ਹੁੰਦਾ ਹੈ। ਕਈ ਗਾਇਕ ਇਸ ਨੂੰ ਇਕ ਗੋਡਾ ਖੜਾ ਕਰਕੇ ਦੂਜੇ ਲੱਤ ਨੂੰ ਮੋੜ ਕੇ ਸੱਜੇ ਹੱਥ ਨਾਲ ਵਜਾਉਂਦੇ ਹਨ ਤੇ ਕਈ ਜਮੀਨ ਤੇ ਲਟਾ ਕੇ ਚੋਂਕੜੀ ਮਾਰ ਕੇ ਵਜਾਉਂਦੇ ਹਨ। ਤਾਰਾਂ ਛੇੜਦੇ ਹੋਏ ਮਧਿਅਮ ਅਤੇ ਪਹਿਲੀ ਉਂਗਲ ਦਾ ਪ੍ਰਯੋਗ ਕੀਤਾ ਜਾਂਦਾ ਹੈ।

**ਪਾਠ ਅਭਿਆਸ**

### ਵਸਤੂਨਿਸ਼ਠ ਪ੍ਰਸ਼ਨ

1. ਤਾਨਪੁਰੇ ਦਾ ਅਵਿਸ਼ਕਾਰ ਕਿਸ ਨੇ ਕੀਤਾ ?
2. ਤਾਨਪੁਰੇ ਵਿੱਚ ਕਿੰਨੀਆਂ ਤਾਰਾਂ ਹਨ ?
3. ਤਾਨਪੁਰੇ ਦਾ ਗੋਲ ਹਿੱਸਾ ਕਿਸ ਤੋਂ ਬਣਿਆ ਹੁੰਦਾ ਹੈ ?
4. ਤਾਨਪੁਰੇ ਦੇ ਦੋ ਅੰਗਾਂ ਦੇ ਨਾਂ ਦੱਸੋ ।
5. ਤਾਨਪੁਰੇ ਦੀ ਪਹਿਲੀ ਤਾਰ ਕਿਸ ਚੀਜ ਦੀ ਬਣੀ ਹੁੰਦੀ ਹੈ ?
6. ਡਾਂਡ ਤੋਂ ਕੀ ਭਾਵ ਹੈ ?
7. ਤਾਨਪੁਰੇ ਦੀਆਂ ਤਾਰਾਂ ਕਿਸ ਨਾਲ ਬੰਨੀਆਂ ਜਾਂਦੀਆਂ ਹਨ ?

### ਅਧਿਆਪਕ ਲਈ

1. ਵਿਦਿਆਰਥੀਆਂ ਨੂੰ ਤਾਨਪੁਰੇ ਦੇ ਅੰਗਾਂ ਦੀ ਜਾਣਕਾਰੀ ਦੇਣੀ।
2. ਤਾਨਪੁਰੇ ਦੇ ਅੰਗਾਂ ਦਾ ਚਾਰਟ ਬਣਵਾਣਾ।

# ਕਿਰਿਆਤਮਕ ਭਾਗ




# ਅਲੰਕਾਰ

## ਥਾਂਟ ਬਿਲਾਵਲ

1. ਅਰੋਹ :- ਸ ਰੇ ਗ ਮ ਪ ਧ ਨੀ ਸਂ
   ਅਵਰੋਹ :- ਸਂ ਨੀ ਧ ਪ ਮ ਗ ਰੇ ਸ
2. ਅਰੋਹ :- ਸ ਰੇ ਗ, ਰੇ ਗ ਮ, ਗ ਮ ਪ, ਮ ਪ ਧ, ਪ ਧ ਨੀ ਧ ਨੀ ਸਂ
   ਅਵਰੋਹ :- ਸਂ ਨੀ ਧ, ਨੀ ਧ ਪ, ਧ ਮ ਪ, ਪ ਮ ਗ, ਮ ਗ ਰੇ, ਗ ਰੇ ਸ
3. ਅਰੋਹ :- ਸ ਰੇ ਗ ਮ, ਰੇ ਗ ਮ ਪ, ਗ ਮ ਪ ਧ, ਮ ਪ ਧ ਨੀ, ਪ ਧ ਨੀ ਸਂ
   ਅਵਰੋਹ :- ਸਂ ਨੀ ਧ ਪ, ਨੀ ਧ ਪ ਮ, ਧ ਪ ਮ ਗ, ਪ ਮ ਗ ਰੇ, ਮ ਗ ਰੇ ਸ
4. ਅਰੋਹ :- ਸ ਗ, ਰੇ ਮ, ਗ ਪ, ਮ ਧ, ਪ ਨੀ, ਧ ਸਂ
   ਅਵਰੋਹ :- ਸਂ ਧ, ਨੀ ਪ, ਧ ਮ, ਪ ਗ, ਮ ਰੇ, ਗ ਸ
5. ਅਰੋਹ :- ਸ ਰੇ ਸ ਗ, ਰੇ ਗ ਰੇ ਮ, ਗ ਮ ਗ ਪ, ਮ ਪ ਮ ਧ, ਪ ਧ ਪ ਨੀ, ਧ ਨੀ ਧ ਸਂ
   ਅਵਰੋਹ:- ਸਂ ਨੀ ਸਂ ਧ, ਨੀ ਧ ਨੀ ਪ, ਧ ਪ ਧ ਮ, ਪ ਮ ਪ ਗ, ਮ ਗ ਮ ਰੇ, ਗ ਰੇ ਗ ਸ

## ਥਾਟ ਕਲਿਆਣ

1. ਅਰੋਹ :- ਸ ਰੇ ਗ ਮੇ ਪ ਧ ਨੀ ਸਂ
   ਅਵਰੋਹ :- ਸਂ ਨੀ ਧ ਪ ਮੇ ਗ ਰੇ ਸ
2. ਅਰੋਹ :- ਸ ਰੇ ਗ, ਰੇ ਗ ਮੇ, ਗ ਮੇ ਪ, ਮੇ ਪ ਧ, ਪ ਧ ਨੀ, ਧ ਨੀ ਸਂ
   ਅਵਰੋਹ :- ਸਂ ਨੀ ਧ, ਨੀ ਧ ਪ, ਧ ਪ ਮੇ, ਪ ਮੇ ਗ, ਮੇ ਗ ਰੇ, ਗ ਰੇ ਸ
3. ਅਰੋਹ :- ਸ ਰੇ ਗ ਮੇ, ਰੇ ਗ ਮੇ ਪ, ਗ ਮੇ ਪ ਧ, ਮੇ ਪ ਧ ਨੀ, ਪ ਧ ਨੀ, ਪ ਧ ਨੀ ਸਂ
   ਅਵਰੋਹ :- ਸਂ ਨੀਧ ਪ, ਨੀ ਧ ਪਮੇ, ਧਪ ਮੇ ਗ, ਪ ਮੇ ਗ ਸ ਰੇ, ਮੇ ਗ ਰੇ ਸ
4. ਅਰੋਹ :- ਸਗ, ਰੇ ਮੇ, ਗਪ, ਮੇ ਧ, ਪਨੀ, ਧਸਂ
   ਅਵਰੋਹ:- ਸਂ ਧ, ਨੀਪ, ਧ ਮੇ, ਪਗ, ਮੇ ਰੇ, ਗਸ
5. ਅਰੋਹ :- ਸ ਰੇ ਸ ਗ, ਰੇ ਗ ਰੇ ਮੇ, ਗ ਮੇ ਗ ਪ, ਮੇ ਪਮੇ ਧ, ਪ ਧ ਪ ਨੀ, ਧ ਨੀ ਧ ਸਂ
   ਅਵਰੋਹ :- ਸਂ ਨੀ ਸਂ ਧ, ਨੀ ਧ ਨੀ ਪ, ਧ ਪ ਧ ਮੇ, ਪ ਮੇ ਪ ਗ, ਮੇ ਗ ਮੇ ਰੇ, ਗ ਰੇ ਗਸ




<u>ਸਾਧਾਰਨ ਜਾਣ - ਪਹਿਚਾਣ</u>

ਥਾਟ - ਕਲਿਆਣ

ਵਾਦੀ ਸੁਰ - ਗ

ਸੰਵਾਦੀ ਸੁਰ - ਨੀ

ਜਾਤੀ - ਸੰਪੂਰਣ ਸੰਪੂਰਣ

ਸਮਾਂ - ਰਾਤ ਦਾ ਪਹਿਲਾ ਪਹਿਰ

ਵਿਸਥਾਰ ਸਪਤਕ - ਮੰਦਰ ਤੋਂ ਤਾਰ ਸਪਤਕ

ਨਿਆਸ ਦੇ ਸਵਰ - ਰੇ ਗ, ਪ, ਨੀ

ਪ੍ਰਾਕ੍ਰਿਤੀ - ਗੰਭੀਰ

ਮਿਲਦੇ ਜੁਲਦੇ ਰਾਗ - ਯਮਨ ਕਲਿਆਣ

ਸੁਰ - ਮ॑ ਤੀਵਰ, ਬਾਕੀ ਸਾਰੇ ਸ਼ੁੱਧ

ਆਰੋਹ - ਨ਼ੀ ਰੇ ਗ, ਮ॑ ਪ ਧ ਨੀ ਸੰ ਜਾਂ ਸ ਰੇ ਗ ਮ॑ ਪ ਧ ਨੀ ਸੰ

ਅਵਰੋਹ - ਸੰ ਨੀ ਧ ਪ ਮ॑ ਗ ਰੇ ਸ

ਪਕੜ - ਨ਼ੀ ਰੇ ਗ, ਪ ਰੇ ਗ, ਰੇ, ਨ਼ੀ ਰੇ ਸ

ਇਹ ਆਪਣੇ ਥਾਟ ਦਾ ਆਸ਼ਰਯ ਰਾਗ ਹੈ। ਇਹ ਰਾਗ ਪੂਰਵਾਂਗਵਾਦੀ ਰਾਗ ਹੈ। ਇਹ ਰਾਗ ਜ਼ਿਆਦਾਤਰ ਮੰਦਰ ਨੀ ਤੋਂ ਸ਼ੁਰੂ ਕਰਦੇ ਹਨ ਜਿਵੇਂ :- ਨ਼ੀ ਰੇ ਗ ਰੇ, ਨ਼ੀ ਰੇ ਗ ਮ॑ ਆਦਿ। ਇਸ ਰਾਗ ਵਿੱਚ ਨੀ ਰੇ ਗ, ਰੇ ਪ ਰੇ ਗ ਸੁਰ ਸਮੂਹ ਬਾਰ - 2 ਵਰਤੇ ਜਾਂਦੇ ਹਨ। ਇਸ ਰਾਗ ਵਿੱਚ ਵੱਡਾ ਖਿਆਲ ਅਤੇ ਛੋਟਾ ਖਿਆਲ ਗਾਏ ਜਾਂਦੇ ਹਨ। ਕਲਿਆਣ ਦੇ ਕਈ ਪ੍ਰਕਾਰ ਹੁੰਦੇ ਹਨ ਜਿਵੇਂ :- ਸ਼ੁੱਧ ਕਲਿਆਣ, ਪੂਰੀਆਂ ਕਲਿਆਣ, ਜੈਤ ਕਲਿਆਣ ਆਦਿ।

**ਅਲਾਪ :-**

1. ਸ, ਨ਼ੀ ਰੇ ऽ ਸ, ਨ਼ੀ ਰੇ ਗ, ਗ ਰੇ ਨ਼ੀ ਰੇ ਸ
2. ਸ ਨ਼ੀ, ਧ ਨ਼ੀ ਰੇ ਗ ਰੇ, ਗ ਮ॑ ਪ ਰੇ ਗ ऽ ਰੇ, ਨ਼ੀ ਰੇ ਸ
3. ਗ ਮ॑ ਧ ਨੀ, ਮ॑ ਧ ਨੀ ਸੰ, ਸੰ ऽ ऽ ਸੰ ਨੀ ਰੇਂ ਸੰ, ਸੰ ਨੀ ਧ ਪ, ਮ॑ ਧ ਨੀ ਧ ਪ, ਮ॑ ਧ ਪ, ਮ॑ ਗ, ਪ ਰੇ ਗ, ਰੇ ਨ਼ੀ ਰੇ ਸ

## ਰਾਗ ਕਲਿਆਣ — ਵੱਡਾ ਖਿਆਲ — (ਇੱਕ ਤਾਲ)

**ਸਥਾਈ :-** ਵਾਰੀ ਵਾਰੀ ਮੈਂ ਜਾਉਂਗੀ ਪ੍ਰੀਤਮ ਪਰ,
ਜਬ ਆਵੇਂਗੀ ਪੀਆਂ ਮੋਰੇ ਘਰਵਾ।

**ਅੰਤਰਾ :-** ਘਰ ਆਂਗਨ ਸਭ ਸਜਾਊਂਗੀ ਮੈਂ ਤਬ,

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| | | | | | | | | ਨ਼ੀਰੇ | ਗਰੇ | ਸ | ਨ਼ੀਧ |
| | | | | | | | | ਵਾऽ | ਗੀ | ਵਾऽ | ਗੀ ਮੈਂ |
| ਨ਼ੀ | - | ਰੇ | ਸ | ਨ਼ੀਰੇ | ਮੇ | ਗ | ਰੇਸ | ਨੀ | ਧ | ਪ | ਮੇ ਗ |
| ਜਾ | ऽ | ਊਂ | ਗੀ | ਪ੍ਰੀऽ | ਤ | ਮ | ਪਰ | ਜ | ਬ | ਆ | ਵੇਂऽ |
| ਮੇ | - | ਰੇਮੇ | ਗ | ਨ਼ੀਰੇ | ਗਰੇ | ਨ਼ੀਰੇ | ਸ | | | | |
| ਗੇ | ऽ | ਪੀऽ | ਆ | ਮੋऽ | ऽ ਰੇ | ਘਰ | ਵਾ | | | | |
| × | | 0 | | 2 | | 0 | | 3 | | 4 | |
| **ਅੰਤਰਾ :-** | | | | | | | | | | | |
| | | | | | | | | ਮੇਧ | ਨੀਧ | ਸਂ | ਰੇਂ |
| | | | | | | | | ਘਰ | ਆऽ | ਗ | ਨ |
| ਸਂ | ਸਂ | ਨੀ | ਰੇਂ | ਗਂ | ਰੇਂ | ਸਂਨੀ | ਧਪ | ਧ | ਮੇਧ | ਸਂ | ਨੀਧ |
| ਸ | ਭ | ਸ | ਜਾ | ਊਂ | ਗੀ | ਮੈਂऽ | ਤਬ | ਔਂ | ऽ ਰ | ਡਾ | ਰੂੰਗੀ |
| ਨੀ | ਧ | ਪ | ਮੇ | ਰੇ | ਗਮੇ | ਰੇਗ | ਰੇਸ | | | | |
| ਫੁ | ਲ | ਵ | ਨ | ਕੋ | ऽऽ | ਹਰ | ਵਾऽ | | | | |
| × | | 0 | | 2 | | 0 | | 3 | | 4 | |